## ਇੱਕ ਟੀਮ ਦੀ ਤਰ੍ਹਾਂ ਇਕੱਠੇ ਕੰਮ ਕਰਨਾ

ਬੇਹਤਰ ਨਤੀਜਿਆਂ ਲਈ, ਤੁਹਾਨੂੰ ਹਰ ਰੋਜ ਸਮਾਂ ਕੱਢਣਾ ਪਏਗਾ ਉਸ ਯੋਜਨਾ ’ਤੇ ਚਲਣ ਲਈ ਜਿਹੜੀ ਤੁਸੀਂ ਅਤੇ ਤੁਹਾਡੇ ਸਪੀਚ ਲੈਂਗੁਏਜ ਪੈਥੋਲੌਜਿਸਟ ਨੇ ਬਣਾਈ ਹੈ। ਜੇ ਸਮੇਂ ਦੀ ਸਮੱਸਿਆ ਹੈ, ਤਾਂ ਆਪਣੇ ਸਪੀਚ ਲੈਂਗੁਏਜ ਪੈਥੋਲੌਜਿਸਟ ਨਾਲ ਗੱਲ ਕਰੋ ਕਿ ਤੁਹਾਡੇ ਬੱਚੇ ਨੂੰ ਵੱਧ ਤੋਂ ਵੱਧ ਕਿਵੇਂ ਮਦਦ ਮਿਲ ਸਕਦੀ ਹੈ।

ਜਦ ਤੁਸੀਂ ਤੇ ਤੁਹਾਡਾ ਪਰਵਾਰ ਪੂਰੀ ਤਰ੍ਹਾਂ ਸ਼ਾਮਲ ਹੋ ਜਾਂਦੇ ਹੋ, ਤਦ ਤੁਸੀਂ ਆਪਣੇ ਬੱਚੇ ਦੀ ਭਾਸ਼ਾ ਦੇ ਵਿਕਾਸ ਵਿਚ ਮਦਦ ਕਰ ਸਕਦੇ ਹੋ, ਜੋ ਉਸਨੂੰ ਆਪਣੀ ਪੂਰੀ ਸਮਰੱਥਾ ਤਕ ਪਹੁੰਚਣ ਲਈ ਜ਼ਰੂਰੀ ਹੈ।



ਹੋਰ ਜਾਣਕਾਰੀ ਲਈ ਆਪਣੇ ਲੋਕਲ ਪ੍ਰੀਸਕੂਲ ਸਪੀਚ ਅਤੇ ਲੈਂਗੁਏਜ ਪਰੋਗਰਾਮ ਜਾਂ ਇਨਫੰਟ ਹਿਅਰਿੰਗ ਪਰੋਗਰਾਮ, ਜਾਂ ਓਨਟਾਰਿਓ ਸਰਕਾਰ ਦੀਆਂ ਹੇਠ ਦਿੱਤੀਆਂ ਸੇਵਾਵਾਂ ਨਾਲ ਸੰਪਰਕ ਕਰੋ।

**ਹੋਰ ਜਾਣਕਾਰੀ ਲਈ, ਸੰਪਰਕ ਕਰੋ:**

ServiceOntario
1-866-821-7770
TTY 1-800-387-5559
www.ontario.ca/children

**ਅੱਗੋਂ ਹੋਰ ਕਾਪੀਆਂ ਦੀ ਮੰਗ ਕਰਨ ਲਈ:**

www.serviceontario.ca/publications’
ਜਾਂ ਕਾਲ ਕਰੋ:

1-800-668-9938
TTY 1-800-268-7095

Stock number: 014869 PUNJABI
April 2010
© Queen’s Printer for Ontario, 2010

ਪ੍ਰੀਸਕੂਲ ਦੇ ਬੋਲਨ ਅਤੇ ਭਾਸ਼ਾ ਦਾ ਪਰੋਗਰਾਮ
(PRESCHOOL SPEECH AND LANGUAGE PROGRAM)

ਨਿਆਣੇ ਦੇ ਸੁਣਨ ਵਾਲਾ ਪਰੋਗਰਾਮ
(INFANT HEARING PROGRAM)



# ਤੁਹਾਡੇ ਬੱਚੇ ਦੀ ਭਾਸ਼ਾ ਸਿੱਖਣ ਵਿਚ ਮਦਦ ਕਰਨਾ

Ontario

## ਤੁਹਾਡੇ ਬੱਚੇ ਦੀ ਸਿੱਖਣ ਵਿਚ ਮਦਦ ਕਰਨਾ

ਓਨਟਾਰਿਓ ਦੇ ਪ੍ਰੀਸਕੂਲ ਸਪੀਚ ਅਤੇ ਲੈਂਗੁਏਜ ਪਰੋਗਰਾਮ ਅਤੇ ਇਨਫੰਟ ਹਿਅਰਿੰਗ ਪਰੋਗਰਾਮ ਤੁਹਾਨੂੰ ਸਹਾਇਤਾ ਪਰਦਾਨ ਕਰਦੇ ਹਨ ਜਦ ਤੁਸੀਂ ਆਪਣੇ ਬੱਚੇ ਦੀ ਭਾਸ਼ਾ ਵਿਚ ਕੁਸ਼ਲਤਾ ਹਾਸਲ ਕਰਨ ਲਈ ਉਸਦੀ ਮਦਦ ਕਰਨਾ ਸ਼ੁਰੂ ਕਰਦੇ ਹੋ।

ਤੁਹਾਡੇ ਬੱਚੇ ਨੂੰ ਭਾਸ਼ਾ ਸਿੱਖਣ ਵਿਚ ਮਦਦ ਕਰਨ ਲਈ ਤੁਹਾਡੇ ਸਾਥ ਦੀ ਬਹੁਤ ਜ਼ਰੂਰਤ ਹੈ। ਬੱਚੇ ਆਪਣੇ ਜੀਵਨ ਵਿਚ ਅਹਿਮ ਬੰਦਿਆਂ ਦੇ ਸਬੰਧਾਂ ਰਾਹੀਂ ਸਭ ਤੋਂ ਬੇਹਤਰ ਸਿੱਖਦੇ ਹਨ। ਬੱਚੇ ਦੇ ਮਾਤਾ ਪਿਤਾ ਹੋਣ ਦੇ ਨਾਤੇ ਤੁਸੀਂ ਆਪਣੇ ਬੱਚੇ ਲਈ ਸੱਭ ਤੋਂ ਚੰਗੇ ਅਧਿਆਪਕ ਹੋ ਕਿਉਂਕਿ ਤੁਸੀਂ ਉਸਨੂੰ ਹੋਰ ਕਿਸੀ ਨਾਲੋਂ ਬੇਹਤਰ ਜਾਣਦੇ ਹੋ। ਤੁਸੀਂ ਆਪਣੇ ਬੱਚੇ ਨੂੰ ਗੱਲਬਾਤ (ਸੰਚਾਰ ਸੰਪਰਕ) ਕਰਨਾ ਸਿੱਖਣ ਵਿਚ ਮਦਦ ਕਰਨ ਲਈ ਸੱਭ ਤੋਂ ਬੇਹਤਰ ਥਾਂ 'ਤੇ ਹੋ।

## ਭਾਸ਼ਾ ਦਾ ਵਿਕਾਸ ਕੀ ਹੈ?

ਭਾਸ਼ਾ ਦਾ ਵਿਕਾਸ ਇੱਕ ਲਗਾਤਾਰ ਪਰਕਿਰਿਆ ਹੈ। ਛੋਟਾ ਬੱਚਾ ਸ਼ੁਰੂ ਵਿਚ ਕਿਲਕਾਰੀਆਂ ਮਾਰ ਕੇ ਭਾਸ਼ਾ ਦਾ ਇਸਤੇਮਾਲ ਕਰਦਾ ਹੈ, ਤੇ ਫੇਰ ਲਫ਼ਜ਼ਾਂ ਦੀ ਨਕਲ ਕਰਦਾ ਹੈ ਅਤੇ ਓਹਨਾਂ ਦਾ ਮਤਲਬ ਸਮਝਣ ਲਗਦਾ ਹੈ। ਹੌਲੀ ਹੌਲੀ, ਬੱਚਾ ਲਫ਼ਜ਼ਾਂ ਨੂੰ ਜੋੜਣ ਲਗ ਪੈਂਦਾ ਹੈ ਅਤੇ ਸਰਲ ਵਾਕਾਂ ਤੋਂ ਜਟਲ ਵਾਰਤਾਲਾਪਾਂ ਤਕ ਪਹੁੰਚਦਾ ਹੈ।

ਜੇ ਬੱਚੇ ਨੂੰ ਲਫ਼ਜ਼ ਸਮਝਣ ਜਾਂ ਲਫ਼ਜ਼ਾਂ ਨੂੰ ਜੋੜ ਕੇ ਆਪਣੇ ਖਿਆਲ ਜਾਂ ਜ਼ਰੂਰਤਾਂ ਪਰਗਟ ਕਰਨ ਵਿਚ ਮੁਸ਼ਕਲ ਆਉਂਦੀ ਹੈ ਤਾਂ ਉਸਨੂੰ ਭਾਸ਼ਾ ਸਿੱਖਣ ਵਿਚ ਦੇਰੀ ਜਾਂ ਤਕਲੀਫ ਹੈ।

## ਮਾਹਰ (ਪੇਸ਼ੇਵਰ) ਸਹਾਇਤਾ

ਜੇ ਤੁਹਾਨੂੰ ਸ਼ੱਕ ਹੈ ਕਿ ਤੁਹਾਡੇ ਬੱਚੇ ਦੀ ਭਾਸ਼ਾ ਸਿੱਖਣ ਵਿਚ ਦੇਰੀ ਹੈ ਤਾਂ ਤੁਹਾਨੂੰ ਤੁਰੰਤ ਮਾਹਰ (ਪੇਸ਼ੇਵਰ) ਸਹਾਇਤਾ ਲੈਣੀ ਜ਼ਰੂਰੀ ਹੈ।

ਭਾਵੇਂ ਤੁਸੀਂ ਆਪਣੇ ਬੱਚੇ ਦੀ ਭਾਸ਼ਾ ਦੇ ਵਿਕਾਸ ਵਿਚ ਸੱਭ ਤੋਂ ਅਹਿਮ ਹੋ, ਤੁਸੀਂ ਇਕੱਲੇ ਨਹੀਂ ਹੋਵੋਗੇ। ਤੁਸੀਂ ਇੱਕ ਸਪੀਚ ਲੈਂਗੁਏਜ ਪੈਥੋਲੌਜਿਸਟ ਦੇ ਨਾਲ ਇੱਕ ਟੀਮ ਦੇ ਹਿੱਸੇ ਹੋਵੋਗੇ।

ਇਹ ਪੇਸ਼ੇਵਰ ਭਾਸ਼ਾ ਦੀਆਂ ਤਕਲੀਫ਼ਾਂ ਦੀ ਪਹਿਚਾਨ ਕਰਦੇ ਹਨ, ਜਾਇਜ਼ਾ ਲੈਂਦੇ ਹਨ ਤੇ ਓਹਨਾਂ ਦਾ ਇਲਾਜ ਕਰਦੇ ਹਨ ਅਤੇ ਭਾਸ਼ਾ ਦੇ ਵਿਕਾਸ ਵਿਚ ਮਦਦ ਕਰਦੇ ਹਨ। ਤੁਸੀਂ ਹੋਰ ਪੇਸ਼ੇਵਰਾਂ ਨਾਲ ਵੀ ਕੰਮ ਕਰ ਸਕਦੇ ਹੋ, ਜਿਸ ਵਿਚ ਸ਼ਾਮਲ ਹਨ ਅਮਰੀਕਨ ਸਾਈਨ ਲੈਂਗੁਏਜ (American Sign Language) ਸਲਾਹਕਾਰ, ਸੁਣਨਾ ਬੋਲਣਾ ਸਿੱਖਾਉਣ ਵਾਲੇ ਥੈਰੇਪਿਸਟ ਅਤੇ ਆਰੰਭਕ ਬਚਪਨ ਦੇ ਸਿੱਖਿਅਕ, ਜੋ ਤੁਹਾਡੀ ਅਤੇ ਤੁਹਾਡੇ ਬੱਚੇ ਦੀ ਮਦਦ ਕਰਨਗੇ।

ਇਹ ਪੇਸ਼ੇਵਰ ਤੁਹਾਨੂੰ ਸਿੱਖਾਣਗੇ ਕਿ ਤੁਸੀਂ ਆਪਣੇ ਬੱਚੇ ਨਾਲ ਘਰ ਵਿਚ ਕਿਵੇਂ ਖੇਲਣਾ ਅਤੇ ਬੋਲਣਾ ਹੈ ਜਿਸ ਨਾਲ ਤੁਹਾਡੇ ਬੱਚੇ ਦੀ ਭਾਸ਼ਾ ਦੇ ਵਿਕਾਸ ਨੂੰ ਮਦਦ ਤੇ ਹੌਂਸਲਾ ਮਿਲੇ।

## ਤੁਹਾਡੇ ਪਰਵਾਰ ਦੀ ਭੂਮਿਕਾ

ਪ੍ਰੀਸਕੂਲ ਸਪੀਚ ਅਤੇ ਲੈਂਗੁਏਜ ਪਰੋਗਰਾਮ ਅਤੇ ਇਨਫੰਟ ਹਿਅਰਿੰਗ ਪਰੋਗਰਾਮ ਪਰਵਾਰ ਦੇ ਭਰੋਸੇ 'ਤੇ ਨਿਰਭਰ ਕਰਦੇ ਹਨ ਕਿਉਂਕਿ ਓਹ ਬੱਚੇ ਦੀ ਭਾਸ਼ਾ ਕੁਸ਼ਲਤਾ ਨੂੰ ਬੇਹਤਰ ਬਣਾਉਣ ਵਿਚ ਬਹੁਤ ਜ਼ਰੂਰੀ ਹੁੰਦੇ ਹਨ।

ਪਰਵਾਰ ਦੀ ਜੀਵਨ ਸ਼ੈਲੀ, ਰਸਮ ਰਿਵਾਜ ਅਤੇ ਵਾਤਾਵਰਨ ਸਾਰੇ ਅਹਿਮ ਹਨ ਜਦ ਬੱਚੇ ਆਪਣੀ ਦੁਨੀਆ ਬਾਰੇ, ਆਪਣੇ ਜੀਵਨ ਵਿਚ ਦੇ ਲੋਕਾਂ ਬਾਰੇ ਤੇ ਓਹਨਾਂ ਨਾਲ ਗੱਲਬਾਤ ਕਰਨ ਬਾਰੇ ਸਿੱਖਦੇ ਹਨ। ਸੋ, ਇਕ ਮਾਂ ਜਾਂ ਬਾਪ ਹੋਣ ਦੇ ਨਾਤੇ, ਤੁਹਾਨੂੰ ਚਾਹੀਦਾ ਹੈ ਕਿ ਪੇਸ਼ੇਵਰਾਂ ਨੂੰ ਆਪਣੇ ਬੱਚੇ ਦੀਆਂ ਖ਼ੂਬੀਆਂ ਅਤੇ ਲੋੜਾਂ ਬਾਰੇ ਜ਼ਰੂਰੀ ਜਾਣਕਾਰੀ ਦਿਓ। ਇਸ ਤਰ੍ਹਾਂ ਤੁਸੀਂ ਆਪਣੇ ਬੱਚੇ ਦੀ ਭਾਸ਼ਾ ਦੇ ਵਿਕਾਸ ਲਈ ਉਦੇਸ਼ ਬਣਾਉਣ ਵਿਚ ਮਦਦ ਕਰ ਸਕਦੇ ਹੋ, ਜੋ ਤੁਹਾਡੇ ਪਰਵਾਰ ਵਿਚ ਕੰਮ ਆਉਣਗੇ।

## ਆਪਣੇ ਪਰਵਾਰ ਲਈ ਸਹੀ ਤਰੀਕਾ ਲੱਭਣਾ

ਬੱਚਿਆਂ ਦੀ ਸਿੱਖਣ ਵਿਚ ਮਦਦ ਕਰਨ ਦੇ ਕਈ ਤਰੀਕੇ ਹਨ। ਜਿਵੇਂ ਕਿ, ਇਕ ਸਪੀਚ ਲੈਂਗੁਏਜ ਥੈਰੇਪਿਸਟ ਤੁਹਾਡੀ ਸਲਾਹ ਨਾਲ ਇਕ ਪਰੋਗਰਾਮ ਬਣਾਏਗਾ/ਬਣਾਏਗੀ ਜਿਸ ਉਤੇ ਤੁਸੀਂ ਘਰ ਵਿਚ ਚਲੋ ਜਾਂ ਦੂਜੇ ਬੱਚਿਆਂ ਅਤੇ ਮਾਪਿਆਂ ਨਾਲ ਮੇਲ ਮਿਲਾਪ ਦੇ ਨੇਮਤ ਸਮਾਰੋਹਾਂ ਵਿਚ ਤੁਹਾਨੂੰ ਸ਼ਾਮਲ ਕਰਨ ਦਾ ਇੰਤਜਾਮ ਕਰੇਗਾ/ਕਰੇਗੀ।

ਸਪੀਚ ਲੈਂਗੁਏਜ ਥੈਰੇਪਿਸਟ ਦਾ ਪਹਲਾ ਕੰਮ ਹੈ ਤੁਹਾਡੇ ਬੱਚੇ ਦੀ ਬੋਲਣ ਦੀ ਸ਼ਕਤੀ ਅਤੇ ਭਾਸ਼ਾ ਦੀ ਸਮਰੱਥਾ (ਕੁਸ਼ਲਤਾ) ਦਾ ਜਾਇਜ਼ਾ ਲਵੇ। ਤੁਹਾਡੀ ਮਦਦ ਨਾਲ ਉਹ ਨਿਸ਼ਚਤ ਕਰੇਗਾ/ਕਰੇਗੀ ਅਤੇ ਤੁਹਾਡੇ ਨਾਲ ਸਲਾਹ ਕਰੇਗਾ/ਕਰੇਗੀ ਕਿ ਇਕੱਠੇ ਕਿਵੇਂ ਕੰਮ ਕਰਨਾ ਹੈ। ਫੇਰ ਸਪੀਚ ਲੈਂਗੁਏਜ ਪੈਥੋਲੌਜਿਸਟ ਤੁਹਾਡੇ ਬੱਚੇ ਨਾਲ ਕੰਮ ਕਰਨ ਦੇ ਸਮੇਂ ਦਾ ਕਾਰਜਕ੍ਰਮ ਬਣਾਏਗਾ/ਬਣਾਏਗੀ ਅਤੇ ਹੇਠ ਲਿਖੇ ਘੱਟ ਤੋਂ ਘੱਟ ਕਿਸੀ ਇੱਕ ਰਾਹੀਂ ਤੁਹਾਡੀ ਮਦਦ ਕਰੇਗਾ/ਕਰੇਗੀ:

- ਪੇਰੰਟ ਐਜੁਕੇਸ਼ਨ ਵਰਕਸ਼ਾਪ
- ਛੋਟੀਆਂ ਗਰੁੱਪ ਬੈਠਕਾਂ
- ਸਲਾਹ
- ਇਕ ਹੋਮ ਪਰੋਗਰਾਮ।

ਪੇਸ਼ੇਵਰਾਂ ਨਾਲ ਬੈਠਕਾਂ ਵਿਚ ਤੁਹਾਡਾ, ਤੁਹਾਡੇ ਪਰਵਾਰ ਅਤੇ ਬੱਚਿਆਂ ਨੂੰ ਸੰਭਾਲਣ ਵਾਲਿਆਂ (ਚਾਇਲਡ ਕੇਅਰ ਪ੍ਰੋਵਾਇਡਰਸ) ਦੇ ਸਾਥ ਦੀ ਲੋੜ ਹੋਵੇਗੀ, ਤਾਂਕਿ ਹਰ ਰੋਜ਼ ਦੀ ਕਾਰਵਾਈ ਵਿਚ ਹਰ ਕੋਈ ਤੁਹਾਡੇ ਬੱਚੇ ਦੇ ਵਿਕਾਸ ਵਿਚ ਮਦਦ ਕਰੇ। ਤੁਹਾਨੂੰ ਕਈ ਸਹਾਇਕ ਤਰਕੀਬਾਂ ਅਤੇ ਸਮੱਗਰੀ ਵੀ ਮਿਲੇਗੀ, ਜਿਵੇਂ ਪੜ੍ਹਣ ਲਈ ਕਿਤਾਬਾਂ ਅਤੇ ਘਰ ਵਿਚ ਖੇਲਣ ਲਈ ਖੇਡਾਂ ਦੇ ਸੁਝਾਓ। ਤੁਹਾਨੂੰ ਆਪਣੇ ਬੱਚੇ ਦੀ ਤਰੱਕੀ ਦੀ ਵਿਡੀਓ ਟੇਪ ਕਰਨ ਲਈ ਵੀ ਕਿਹਾ ਜਾ ਸਕਦਾ ਹੈ, ਜਾਂ ਆਪਣੇ ਬੱਚੇ ਦੇ ਵਿਕਾਸ ਦੀ ਜਰਨਲ (ਪਤੱਰੀ) ਰੱਖਣ ਜਾਂ ਪ੍ਰਸ਼ਨਾਵਲੀ ਭਰਣ ਲਈ ਵੀ ਕਿਹਾ ਜਾ ਸਕਦਾ ਹੈ।